# ਦਫਤਰ ਕਮਿਸ਼ਨਰ ਪੁਲਿਸ, ਜਲੰਧਰ

ਨੰਬਰ : 84527 ਮਿਤੀ : 18.08.2026

ਵਿਸ਼ਾ : **ਵਹੀਕਲਾਂ ਦੀ ਨਿਲਾਮੀ ਸਬੰਧੀ ਇਸ਼ਤੇਹਾਰ/ਪਬਲਿਕ ਨੋਟਿਸ**

ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਸੂਚਿਤ ਕੀਤਾ ਜਾਂਦਾ ਹੈ ਕਿ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਵੱਲੋਂ ਸਾਲ-2013 ਤੋਂ ਸਾਲ-2025 ਤੱਕ ਦੇ ਅਰਸੇ ਦੇ ਅ/ਧ 207 ਮੋਟਰ ਵਹੀਕਲ ਐਕਟ ਤਹਿਤ ਕਬਜਾ ਪੁਲਿਸ ਵਿੱਚ ਲਏ ਗਏ ਨਾਲ ਨੱਥੀ ਲਿਸਟ ਅਨੁਸਾਰ **ਕੁੱਲ 971 ਵਹੀਕਲ** ਕਾਫੀ ਲੰਮੇ ਸਮੇਂ ਤੋਂ ਵਾਹਨ ਯਾਰਡ, ਟਰੈਫਿਕ ਪੁਲਿਸ, ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਵਿੱਚ ਖੜ੍ਹੇ ਹਨ। ਇਹਨਾਂ ਵਹੀਕਲਾਂ ਨੂੰ ਰਲੀਜ ਕਰਾਉਣ ਲਈ ਇਸ ਤੋਂ ਪਹਿਲਾਂ ਵੀ ਮਿਤੀ 17/05/2026, ਮਿਤੀ 28/05/2026, ਮਿਤੀ 17/06/2026, ਮਿਤੀ 26/06/2026, ਮਿਤੀ 21/07/2026 ਅਤੇ ਮਿਤੀ 27/07/2026 ਨੂੰ ਵੱਖ-ਵੱਖ ਅਖਬਾਰਾਂ ਵਿੱਚ ਪ੍ਰੈਸ ਨੋਟ ਪ੍ਰਕਾਸ਼ਿਤ ਕਰਵਾਏ ਗਏ ਸਨ। ਪਰ ਇਹਨਾਂ ਵਹੀਕਲਾਂ ਨੂੰ ਸਬੰਧਿਤ ਵਹੀਕਲ ਮਾਲਕਾਂ ਵੱਲੋਂ ਹੁਣ ਤੱਕ ਰਲੀਜ ਨਹੀ ਕਰਵਾਇਆ ਗਿਆ ਹੈ। ਹੁਣ ਇਹਨਾਂ ਵਹੀਕਲਾਂ ਨੂੰ ਨਿਲਾਮ ਕਰਵਾਉਣ ਸਬੰਧੀ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ ਅਤੇ ਮਾਨਯੋਗ ਅਦਾਲਤ ਨੇ ਇਹਨਾਂ ਵਹੀਕਲਾਂ ਨੂੰ ਨਿਲਾਮ ਕਰਨ ਲਈ ਮਿਤੀ 26/08/2026 ਨਿਰਧਾਰਿਤ ਕੀਤੀ ਹੈ। ਇਹਨਾਂ ਵਹੀਕਲਾਂ ਦੇ ਮਾਲਕਾਂ ਨੂੰ ਦੁਬਾਰਾ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਵਹੀਕਲ ਰਲੀਜ ਕਰਾਉਣਾ ਚਾਹੁੰਦੇ ਹਨ ਤਾਂ 07 ਦਿਨਾਂ ਦੇ ਅੰਦਰ-ਅੰਦਰ ਉਹ ਵੈਲਿਡ ਦਸਤਾਵੇਜ ਵਗੈਰਾ ਪੇਸ਼ ਕਰਕੇ ਚਲਾਂਨਿੰਗ ਬਰਾਂਚ, ਟਰੈਫਿਕ ਪੁਲਿਸ, ਕਮਿਸ਼ਨਰੇਟ ਜਲੰਧਰ ਤੋਂ ਆਪਣਾ ਵਹੀਕਲ ਰਲੀਜ ਕਰਵਾ ਸਕਦੇ ਹਨ। ਇਹਨਾਂ ਵਹੀਕਲ ਦੇ ਮਾਲਕਾਂ ਵੱਲੋਂ ਆਪਣੇ ਵਹੀਕਲ ਇਸ ਤਾਰੀਕ ਤੱਕ ਰਲੀਜ ਨਾ ਕਰਵਾਉਣ ਦੀ ਸੂਰਤ ਵਿੱਚ **ਮਿਤੀ 26/08/2026 ਨੂੰ ਸਮਾਂ 12.00 ਵਜੇ ਸਵੇਰ ਹਾਕੀ ਗਰਾਂਊਡ, ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ** ਵਿੱਚ ਇਹਨਾਂ ਵਹੀਕਲਾਂ ਦੀ ਖੁੱਲੀ ਬੋਲੀ ਰਾਹੀਂ ਨਿਲਾਮੀ ਕਰਵਾਈ ਜਾਵੇਗੀ। ਇਸ ਤੋਂ ਬਾਅਦ ਕਿਸੇ ਵੀ ਧਿਰ ਵੱਲੋਂ ਕੀਤਾ ਗਿਆ ਦਾਅਵਾ ਜਾਂ ਅਪੀਲ ਮੰਨਣਯੋਗ ਨਹੀ ਹੋਵੇਗੀ। ਇਹਨਾਂ ਵਹੀਕਲਾਂ ਦੇ ਰਜਿਸਟਰੇਸ਼ਨ ਨੰਬਰਾਂ ਦੀ ਲਿਸਟ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾਂ ਦਾ ਮੁਕੰਮਲ ਵੇਰਵਾ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਵੈਬਸਾਇਟ http://jalandharcity. punjabpolice. gov.in/ ਪਰ ਵੀ ਉਪਲੱਬਧ ਹੈ। ਨਿਲਾਮੀ ਸ਼ਰਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਇਹਨਾਂ ਵਹੀਕਲਾਂ ਨੂੰ "AS IS, WHERE IS & WHAT IS BASIS" ਦੇ ਅਧਾਰ ਤੇ ਨਿਲਾਮ ਕੀਤਾ ਜਾਵੇਗਾ।
2. ਬੋਲੀ ਵਿੱਚ ਭਾਗ ਲੈਣ ਆਏ ਹਰ ਇੱਕ ਬੋਲੀਕਾਰ ਨੂੰ **ਰਕਮ 50,000/-ਰੁਪਏ** ਬਤੌਰ ਜਮਾਨਤ ਬੋਲੀ ਦੇਣ ਤੋਂ ਪਹਿਲਾਂ ਨਗਦ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਇਹ ਸਾਰੀ ਰਕਮ ਆਨਲਾਇਨ ਸਵੀਕਾਰ ਨਹੀ ਕੀਤੀ ਜਾਵੇਗੀ।
3. ਬੋਲੀਕਾਰਾਂ ਦੀ ਜਮਾਨਤ/ਸਕਿਉਰਟੀ ਰਕਮ ਬੋਲੀ ਦੀ ਮਿਤੀ ਵਾਲੇ ਦਿਨ ਨਿਰਧਾਰਿਤ ਸਮੇਂ ਤੋਂ 02 ਘੰਟੇ ਪਹਿਲਾਂ ਤੱਕ ਹੀ ਜਮ੍ਹਾਂ ਕੀਤੀ ਜਾਵੇਗੀ। ਮੌਕਾ ਪਰ ਬੋਲੀਕਾਰ ਪਾਸ ਆਪਣਾ ਅਸਲ ਅਧਾਰਕਾਰਡ ਅਤੇ ਇਸ ਅਧਾਰਕਾਰਡ ਦੀ ਫੋਟੋ ਕਾਪੀਂ ਨਾਲ ਲੈ ਕੇ ਆਉਣ।
4. ਜੋ ਵਿਅਕਤੀ ਇਸ ਖੁੱਲੀ ਬੋਲੀ ਵਿੱਚ ਭਾਗ ਲੈਣ ਚਾਹੁੰਦਾ ਹੈ ਅਤੇ ਜਿਹਨਾਂ ਵਹੀਕਲਾਂ ਦੀ ਨਿਲਾਮੀ ਕੀਤੀ ਜਾਣੀ ਹੈ, ਨੂੰ ਨਿੱਜੀ ਤੋਰ ਤੇ ਟ੍ਰੈਫਿਕ ਪੁਲਿਸ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਜਾ ਕੇ ਵੇਖ ਸਕਦਾ ਹੈ ਅਤੇ ਬੋਲੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਕੋਈ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਨਹੀ ਹੋਵੇਗਾ।
5. ਇਹ ਨਿਲਾਮ ਹੋਣ ਵਾਲੇ ਵਹੀਕਲਾਂ ਦੀ ਬੋਲੀ ਰਿਜਰਵ ਕੀਮਤ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਰਿਜਰਵ ਕੀਮਤ ਤੋਂ ਘੱਟ ਕੋਈ ਵੀ ਵਹੀਕਲ ਨਿਲਾਮ ਨਹੀ ਹੋਵੇਗਾ।
6. ਹਰੇਕ ਵਹੀਕਲ ਦੀ ਵੱਖਰੀ-ਵੱਖਰੀ ਬੋਲੀ ਕੀਤੀ ਜਾਵੇਗੀ।

7. ਬੋਲੀਕਾਰ ਨੂੰ ਖੁੱਲੀ ਬੋਲੀ ਵਿੱਚ ਸ਼ਾਮਲ ਹੋਣ ਲਈ ਖੁਦ ਦੇ ਖਰਚੇ ਤੇ ਆਉਣਾ ਹੋਵੇਗਾ ਅਤੇ ਉਹ ਅਜਿਹਾ ਖਰਚਾ ਕਲੇਮ ਕਰਨ ਦਾ ਅਧਿਕਾਰੀ ਨਹੀ ਹੋਵੇਗਾ।
8. ਇਸ ਖੁੱਲੀ ਬੋਲੀ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਰਾਹੀਂ ਸਮੂਹ ਹਾਜਰੀਨ ਬੋਲੀਕਾਰਾਂ ਦੀ ਹਾਜਰੀ ਵਿੱਚ ਕੀਤੀ ਜਾਵੇਗੀ ਅਤੇ ਬੋਲੀਕਾਰ ਨੂੰ ਬੋਲੀ ਸਮੇਂ ਬੋਲਣ ਦਾ ਪੂਰਾ ਅਧਿਕਾਰ ਹੋਵੇਗਾ।
9. ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਾਈ ਗਈ ਜਮਾਨਤ ਰਕਮ ਬੋਲੀਕਾਰ ਵੱਲੋਂ ਖਰੀਦ ਕੀਤੇ ਗਏ ਵਹੀਕਲਾਂ ਦੀ ਕੀਮਤ ਵਿੱਚ ਅਡਜਸਟ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਨੂੰ ਜਮਾਨਤ ਦੀ ਰਕਮ ਬੋਲੀ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
10. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ ¼ ਹਿੱਸਾ ਮੌਕਾ ਪਰ ਹੀ ਜਮ੍ਹਾਂ ਕਰਾਉਣਾ ਪਵੇਗਾ ਅਤੇ ਬਾਕੀ ¾ ਰਕਮ 07 ਦਿਨ ਦੇ ਅੰਦਰ-ਅੰਦਰ ਕਮੇਟੀ ਵੱਲੋਂ ਮੁਹੱਈਆ ਕਰਾਏ ਬੈਂਕ ਖਾਤਾ ਨੰਬਰ ਵਿੱਚ ਲੇਖਾਕਾਰ, ਦਫਤਰ ਕਮਿਸ਼ਨਰ ਪੁਲਿਸ ਜਲੰਧਰ ਰਾਹੀਂ ਜਮ੍ਹਾਂ ਕਰਵਾਉਣੀ ਪਵੇਗੀ।
11. ਅਗਰ ਸਫਲ ਬੋਲੀਕਾਰ ਮਿੱਥੇ ਸਮੇਂ ਅੰਦਰ-ਅੰਦਰ ਬਣਦੀਂ ਰਕਮ ਸਮੇਤ 18% GST ਦੀ ਰਸੀਦ ਜਮ੍ਹਾਂ ਨਹੀ ਕਰਵਾਂਉਦਾ ਹੈ ਤਾਂ ਉਸ ਲਾਟ ਦੀ ਬੋਲੀ ਰੱਦ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਬੋਲੀ ਦੁਬਾਰਾ ਨਿਯਮਾਂ ਅਨੁਸਾਰ ਕਰਵਾਈ ਜਾਵੇਗੀ ਅਤੇ ਇਸ ਲਾਟ ਦੇ ਨੰਬਰ 2 ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ।
12. ਸਫਲ ਬੋਲੀਕਾਰ ਨੂੰ ਬੋਲੀ ਦੀ ਬਾਕੀ ਬੱਚਦੀ ਰਕਮ ¾ ਨੂੰ ਡੀਮਾਂਡ ਡਰਾਫਟ "IN FAVOUR OF COMMISSIONER OF POLICE, JALANDHAR" ਰਾਂਹੀ ਬੋਲੀ ਤੋਂ 07 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਜੇਕਰ ਸਫਲ ਬੋਲੀਕਾਰ ਵੱਲੋਂ ਬੋਲੀ ਦੀ ਕੁੱਲ ਰਕਮ 07 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਨਹੀ ਕਰਾਈ ਗਈ ਤਾਂ ਉਸ ਵੱਲੋਂ ਬੋਲੀ ਸਮੇਂ ਬਤੌਰ ਜਮਾਨਤ ਜਮ੍ਹਾਂ ਕਰਵਾਈ ਰਕਮ 50,000/- ਰੁਪਏ ਸਮੇਤ ¼ ਹਿੱਸਾ ਰਕਮ ਨੂੰ ਜਬਤ ਕਰਕੇ ਸਰਕਾਰ ਦੇ ਖਾਤਾ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਬੋਲੀਕਾਰ ਨੂੰ ਉਕਤ ਰਕਮ ਵਾਪਸ ਲੈਣ ਦਾ ਕੋਈ ਅਧਿਕਾਰ ਨਹੀ ਹੋਵੇਗਾ ਅਤੇ ਬਾਅਦ ਵਿੱਚ ਉਸ ਵੱਲੋਂ ਕੀਤਾ ਗਿਆ ਦਾਅਵਾ ਜਾਂ ਕਲੇਮ ਮੰਨਣਯੋਗ ਨਹੀ ਹੋਵੇਗਾ।
13. ਸਫਲ ਬੋਲੀਕਾਰ ਨਿਲਾਮ ਹੋਏ ਵਹੀਕਲਾਂ ਦੀ ਸਾਰੀ ਬਣਦੀ ਰਕਮ ਅਤੇ 18% GST+2% TCS ਅਦਾ ਕਰਨ ਤੋਂ ਬਾਅਦ 07 ਦਿਨਾਂ ਦੇ ਅੰਦਰ-ਅੰਦਰ ਵਹੀਕਲ ਲੈ ਕੇ ਜਾਣ ਦਾ ਪਾਬੰਦ ਹੋਵੇਗਾ। ਸਫਲ ਬੋਲੀਕਾਰ ਖਰੀਦ ਕੀਤੇ ਵਹੀਕਲਾਂ ਨੂੰ ਲੈ ਕੇ ਜਾਣ ਦਾ ਖਰਚਾ ਵੀ ਆਪ ਕਰੇਗਾ।
14. ਸਫਲ ਬੋਲੀਕਾਰ ਵੱਲੋਂ ਸਾਰੀ ਬਣਦੀ ਰਕਮ ਦਾ ਭੁਗਤਾਨ ਕਰਨ ਤੋਂ ਬਾਅਦ ਹੀ ਇਹ ਨਿਲਾਮ ਵਹੀਕਲ ਉਸ ਦੇ ਹਵਾਲੇ ਕੀਤੇ ਜਾਣਗੇ।
15. ਇਹ ਵੀ ਸਪਸ਼ੱਟ ਕੀਤਾ ਜਾਂਦਾ ਹੈ ਕਿ ਇਸ ਬੋਲੀ ਵਿੱਚ ਨਿਲਾਮ ਸਾਰੇ ਵਹੀਕਲ ਸਕਰੈਪ ਵਿੱਚ ਨਿਪਟਾਏ ਜਾ ਰਹੇ ਹਨ ਅਤੇ ਇਹਨਾਂ ਸਾਰੇ ਵਹੀਕਲਾਂ ਨੂੰ ਦੁਬਾਰਾ ਸ਼ੜਕ ਤੇ ਚੱਲਣ ਦਾ ਅਧਿਕਾਰ ਨਹੀ ਹੋਵੇਗਾ।
16. ਇਸ ਬੋਲੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਆਉਣ ਵਾਲੇ ਹਰੇਕ ਬੋਲੀਕਾਰ ਅਤੇ ਉਸ ਦੇ ਨਾਲ ਆਏ ਮੈਂਬਰਾਂ ਪਾਸ ਹਰ ਪ੍ਰਕਾਰ ਦੇ ਅਸਲਾ/ਐਮੂਨੀਸ਼ਨ ਅਤੇ ਹੋਰ ਇਤਰਾਜਯੋਗ ਮਟੀਰੀਅਲ ਲਿਆਉਣ ਤੇ ਮੁੰਕਮਲ ਪਾਬੰਦੀ ਹੈ। ਜੋ ਬੋਲੀਕਾਰ ਉਲੰਘਣਾ ਕਰੇਗਾ ਤਾਂ ਉਸ ਨੂੰ ਬੋਲੀ ਵਿੱਚ ਭਾਗ ਲੈਣ ਤੋਂ ਅਸਫਲ ਕਰਾਰ ਦਿੱਤਾ ਜਾਵੇਗਾ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
17. ਇਹਨਾਂ ਵਹੀਕਲਾਂ ਦੀ ਨਿਲਾਮੀ ਸਮੇਂ ਜੋ ਬੋਲੀਕਾਰ ਇਹਨਾਂ ਸ਼ਰਤਾਂ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ ਮੌਕਾ ਪਰ ਹੀ ਕਮੇਟੀ ਵੱਲੋਂ ਬੋਲੀ ਵਿੱਚ ਭਾਗ ਲੈਣ ਤੋਂ ਅਯੋਗ ਘੋਸ਼ਿਤ ਕੀਤਾ ਜਾਵੇਗਾ।
18. ਪ੍ਰਸ਼ਾਸ਼ਨਿਕ ਕਾਰਨਾਂ ਕਰਕੇ ਬੋਲੀ ਦੀ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਵੀ ਕਮੇਟੀ ਨੂੰ ਹੋਵੇਗਾ ਅਤੇ ਗਠਿਤ ਕਮੇਟੀ ਨੂੰ ਬੋਲੀ ਸਮੇਂ ਉਪਰੋਕਤ ਸ਼ਰਤਾਂ ਵਿੱਚ ਵਾਧਾ-ਘਾਟਾ ਕਰਨ ਦਾ ਪੂਰਾ ਅਧਿਕਾਰ ਹੋਵੇਗਾ।
19. ਇਹਨਾਂ ਵਹੀਕਲਾਂ ਸਬੰਧੀ ਜਾਣਕਾਰੀ ਲੈਣ ਲਈ ਟਰੈਫਿਕ ਹੈਲਪਲਾਇਨ ਨੰਬਰ 01812227296 ਪਰ ਸੰਪਰਕ ਕੀਤਾ ਜਾ ਸਕਦਾ ਹੈ।

ਕਮਿਸ਼ਨਰ ਪੁਲਿਸ,
ਜਲੰਧਰ।